# ਹਰ ਕੋਈ NYC ਵਿੱਚ ਸਿਹਤ ਸੰਭਾਲ ਸੇਵਾਵਾਂ ਪ੍ਰਾਪਤ ਕਰ ਸਕਦਾ ਹੈ:

## *ਇਮੀਗ੍ਰੈਂਟ ਨਿਊ-ਯੋਰਕ ਵਾਸੀਆਂ ਲਈ ਅਕਸਰ ਪੁੱਛੇ ਜਾਂਦੇ ਸਵਾਲ*



ਹਰ ਨਿਊ-ਯੋਰਕ ਵਾਸੀ ਨੂੰ ਆਪਣੀ ਇਮੀਗ੍ਰੇਸ਼ਨ ਸਥਿਤੀ ਜਾਂ ਭੁਗਤਾਨ ਕਰਨ ਦੀ ਯੋਗਤਾ ਦੀ ਪਰਵਾਹ ਕੀਤੇ ਬਿਨਾਂ, ਮਿਆਰੀ ਸਿਹਤ ਸੰਭਾਲ ਦਾ ਅਧਿਕਾਰ ਹੈ। ਆਪਣੀ ਅਤੇ ਆਪਣੇ ਪਰਿਵਾਰ ਦੀ ਦੇਖਭਾਲ ਕਰੋ, ਅਤੇ ਆਪਣੀ ਲੋੜ ਦੀਆਂ ਸਿਹਤ ਦੇਖਭਾਲ ਸੇਵਾਵਾਂ ਪ੍ਰਾਪਤ ਕਰੋ। ਨਿਊ-ਯੋਰਕ ਦੇ ਸਾਰੇ ਨਿਵਾਸੀਆਂ ਲਈ ਕਈ ਸ਼ਹਿਰੀ ਸੇਵਾਵਾਂ, ਜਿਨ੍ਹਾਂ ਵਿੱਚ ਸਿਹਤ ਸੰਭਾਲ ਅਤੇ ਸਮਾਜਕ ਸੇਵਾਵਾਂ ਵੀ ਸ਼ਾਮਲ ਹਨ, ਉਪਲਬਧ ਹਨ ਭਾਵੇਂ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਕੁਝ ਵੀ ਹੋਵੇ।

## ਸਿਹਤ ਬੀਮਾ

### ਮੈਂ ਕਿਹੜੀਆਂ ਸਿਹਤ ਬੀਮਾ ਯੋਜਨਾਵਾਂ ਲਈ ਨਾਮ ਦਰਜ ਕਰਾ ਸਕਦਾ/ਸਕਦੀ ਹਾਂ?

ਇਮੀਗ੍ਰੈਂਟ ਨਿਊ-ਯੋਰਕ ਵਾਸੀਆਂ ਕੋਲ ਕਈ ਬੀਮਾ ਵਿਕਲਪ ਹਨ। ਨਿਊ-ਯੋਰਕ ਰਾਜ ਵਿੱਚ ਬੱਚੇ ਸਿਹਤ ਬੀਮਾ ਪ੍ਰਾਪਤ ਕਰ ਸਕਦੇ ਹਨ, ਭਾਵੇਂ ਉਹ ਦਸਤਾਵੇਜ਼ਿਤ ਨਾ ਹੋਣ। NYC ਸਿਹਤ ਅਤੇ ਮਾਨਸਿਕ ਸਫਾਈ ਵਿਭਾਗ (NYC Department of Health and Mental Hygiene) (NYC ਸਿਹਤ ਵਿਭਾਗ) ਕੋਲ ਪ੍ਰਮਾਣਿਤ ਐਪਲੀਕੇਸ਼ਨ ਕਾਊਂਸਲਰ ਹਨ ਜੋ ਇਹ ਪਤਾ ਲਗਾਉਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਕਿ ਕੀ ਤੁਸੀਂ ਯੋਗ ਹੋ ਅਤੇ ਸਿਹਤ ਬੀਮੇ ਲਈ ਨਾਮ ਦਰਜ ਕਿਵੇਂ ਕਰਾਉਣਾ ਹੈ। ਹੋਰ ਜਾਣਕਾਰੀ ਲਈ, **311** 'ਤੇ ਕਾਲ ਕਰੋ, 877-877 'ਤੇ "CoveredNYC" ਦਾ ਟੈਕਸਟ ਸੁਨੇਹਾ ਭੇਜੋ ਜਾਂ nyc.gov/health/healthcoverage 'ਤੇ ਜਾਓ।

ਜੇਕਰ ਤੁਸੀਂ NYC Health + Hospitals ਵਿੱਚ ਜਾ ਰਹੇ ਹੋ, ਤਾਂ ਸਿਹਤ ਬੀਮਾ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਕਿਸੇ ਵਿੱਤੀ ਸਲਾਹਕਾਰ ਦੀ ਮੰਗ ਕਰੋ। ਯਾਦ ਰੱਖੋ, ਤੁਹਾਨੂੰ ਲਿਖਤੀ ਅਨੁਵਾਦ ਅਤੇ ਵਿਅਕਤੀਗਤ ਤੌਰ 'ਤੇ ਜਾਂ ਟੈਲੀਫੋਨ ਵਿਆਖਿਆ ਸਮੇਤ ਆਪਣੀ ਪਸੰਦੀਦਾ ਭਾਸ਼ਾ ਵਿੱਚ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ।

## NYC CARE

### ਮੈਂ ਸਿਹਤ ਬੀਮੇ ਲਈ ਯੋਗ ਨਹੀਂ ਹਾਂ। ਮੈਂ ਸਿਹਤ ਸੰਭਾਲ ਸੇਵਾਵਾਂ ਕਿਵੇਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

NYC Care ਇੱਕ ਸਿਹਤ-ਸੰਭਾਲ ਤਕ ਪਹੁੰਚ ਪ੍ਰੋਗਰਾਮ ਹੈ ਜੋ ਉਹਨਾਂ ਨਿਊ-ਯੋਰਕ ਵਾਸੀਆਂ ਨੂੰ ਘੱਟ ਅਤੇ ਬਿਨਾਂ ਲਾਗਤ ਵਾਲੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ ਜੋ ਸਿਹਤ ਬੀਮਾ ਪ੍ਰਾਪਤ ਨਹੀਂ ਕਰ ਸਕਦੇ ਹਨ ਜਾਂ ਭੁਗਤਾਨ ਨਹੀਂ ਕਰ ਸਕਦੇ ਹਨ। NYC Care ਇੱਕ ਸਿਹਤ ਬੀਮਾ ਯੋਜਨਾ **ਨਹੀਂ** ਹੈ। ਹਾਲਾਂਕਿ, ਜੇਕਰ ਤੁਹਾਡੇ ਕੋਲ NYC Care ਹੈ, ਤਾਂ ਤੁਸੀਂ ਸਿਹਤ-ਸੰਭਾਲ ਸੇਵਾਵਾਂ ਤੱਕ ਪਹੁੰਚ ਕਰਨ, ਆਪਣਾ ਖੁਦ ਦਾ ਸਿਹਤ ਸੰਭਾਲ ਪ੍ਰਦਾਤਾ ਚੁਣਨ ਅਤੇ ਘੱਟ ਕੀਮਤ ਵਾਲੀਆਂ ਦਵਾਈਆਂ ਪ੍ਰਾਪਤ ਕਰਨ ਲਈ ਮੈਂਬਰਸ਼ਿਪ ਕਾਰਡ ਪ੍ਰਾਪਤ ਕਰ ਸਕਦੇ ਹੋ। NYC Health + Hospitals ਸਾਰੀਆਂ NYC Care ਸੇਵਾਵਾਂ ਪ੍ਰਦਾਨ ਕਰਦਾ ਹੈ।

### NYC Care ਦੀ ਲਾਗਤ ਕੀ ਹੈ? ਮੈਂ NYC Care ਲਈ ਨਾਮ ਕਿਵੇਂ ਦਰਜ ਕਰਾਵਾਂ?

ਤੁਹਾਡੇ ਪਰਿਵਾਰ ਦੇ ਆਕਾਰ ਅਤੇ ਆਮਦਨ 'ਤੇ ਨਿਰਭਰ ਕਰਦੇ ਹੋਏ, NYC Care ਸਿਹਤ ਸੇਵਾਵਾਂ ਦੀ ਲਾਗਤ ਜਾਂ ਤਾਂ ਘੱਟ ਹੈ ਜਾਂ ਕੋਈ ਲਾਗਤ ਨਹੀਂ ਹੈ। NYC Care ਲਈ ਨਾਮ ਦਰਜ ਕਰਾਉਣ ਲਈ, 646-NYC-CARE (646-692-2273) 'ਤੇ ਕਾਲ ਕਰੋ ਜਾਂ ਕਿਸੇ ਵੀ NYC Health + Hospitals ਦੇ ਸਥਾਨ 'ਤੇ ਵਿੱਤੀ ਸਲਾਹਕਾਰ ਨਾਲ ਮੁਲਾਕਾਤ ਕਰਨ ਲਈ ਕਹੋ। ਵਧੇਰੇ ਜਾਣਕਾਰੀ ਲਈ nyccare.nyc 'ਤੇ ਜਾਓ।

## ਉਹਨਾਂ ਨਿਊ-ਯੌਰਕ ਵਾਸੀਆਂ ਲਈ ਐਮਰਜੈਂਸੀ ਦੇਖਭਾਲ ਜਿਨ੍ਹਾਂ ਕੋਲ ਸਿਹਤ ਬੀਮਾ ਨਹੀਂ ਹੈ

### ਮੇਰੇ ਕੋਲ ਸਿਹਤ ਬੀਮਾ ਨਹੀਂ ਹੈ ਪਰ ਮੈਨੂੰ ਐਮਰਜੈਂਸੀ ਦੇਖਭਾਲ ਦੀ ਲੋੜ ਹੈ। ਮੈਂ ਇਸਦੇ ਲਈ ਭੁਗਤਾਨ ਕਿਵੇਂ ਕਰਾਂ?

Emergency Medicaid ਘੱਟ ਆਮਦਨੀ ਵਾਲੇ ਗੈਰ-ਦਸਤਾਵੇਜ਼ਿਤ ਅਤੇ ਅਸਥਾਈ ਇਮੀਗ੍ਰੈਂਟ ਨਿਊ-ਯੌਰਕ ਵਾਸੀਆਂ ਨੂੰ ਐਮਰਜੈਂਸੀ ਦੌਰਾਨ ਸਿਹਤ ਸੰਭਾਲ ਸੇਵਾਵਾਂ ਲਈ ਭੁਗਤਾਨ ਕਰਨ ਵਿੱਚ ਮਦਦ ਕਰਦਾ ਹੈ। ਇਮੀਗ੍ਰੈਂਟ ਨਿਊ-ਯੌਰਕ ਵਾਸੀ ਜੋ Emergency Medicaid ਲਈ ਯੋਗ ਹਨ, ਉਹ ਵੀ ਗੈਰ-ਐਮਰਜੈਂਸੀ ਸੇਵਾਵਾਂ, ਜਿਵੇਂ ਕਿ ਉਹਨਾਂ ਦੇ ਮੈਡੀਕਲ ਪ੍ਰਦਾਤਾ ਕੋਲ ਦੌਰੇ ਅਤੇ ਦਵਾਈ ਨੂੰ ਕਵਰ ਕਰਨ ਲਈ NYC Care ਲਈ ਯੋਗ ਹੋ ਸਕਦੇ ਹਨ।

ਤੁਸੀਂ ਭਵਿੱਖ ਦੀ ਐਮਰਜੈਂਸੀ ਦੀ ਸਥਿਤੀ ਲਈ ਕਿਸੇ ਵੀ ਸਮੇਂ Emergency Medicaid ਲਈ ਨਾਮ ਦਰਜ ਕਰਾ ਸਕਦੇ ਹੋ। ਜੇਕਰ ਤੁਸੀਂ NYC Health + Hospitals ਵਿੱਚ ਜਾ ਰਹੇ ਹੋ, ਤਾਂ ਇੱਕ ਵਿੱਤੀ ਸਲਾਹਕਾਰ ਦੀ ਮੰਗ ਕਰੋ ਜੋ ਨਾਮ ਦਰਜ ਕਰਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਤੁਸੀਂ ਆਪਣੀ ਇਮੀਗ੍ਰੇਸ਼ਨ ਸਥਿਤੀ ਜਾਂ ਭੁਗਤਾਨ ਕਰਨ ਦੀ ਯੋਗਤਾ ਦੀ ਪਰਵਾਹ ਕੀਤੇ ਬਿਨਾਂ, NYC ਦੇ ਕਿਸੇ ਵੀ ਹਸਪਤਾਲ ਵਿੱਚ ਐਮਰਜੈਂਸੀ ਦੇਖਭਾਲ ਪ੍ਰਾਪਤ ਕਰ ਸਕਦੇ ਹੋ। ਹੋਰ ਜਾਣਕਾਰੀ ਲਈ, **311** 'ਤੇ ਕਾਲ ਕਰੋ ਜਾਂ 877-877 'ਤੇ "CoveredNYC" ਦਾ ਟੈਕਸਟ ਸੁਨੇਹਾ ਭੇਜੋ।

## ਜਨਤਕ ਚਾਰਜ

### ਜਨਤਕ ਚਾਰਜ ਨਿਯਮ ਕੀ ਹੈ? ਕੀ ਇਹ ਹਾਲੇ ਵੀ ਵਰਤਿਆ ਜਾ ਰਿਹਾ ਹੈ?

ਅਗਸਤ 2019 ਵਿੱਚ, ਟਰੰਪ ਦੇ ਪ੍ਰਸ਼ਾਸਨ ਨੇ ਇੱਕ ਨਵੇਂ ਜਨਤਕ ਚਾਰਜ ਨਿਯਮ ਦੀ ਘੋਸ਼ਣਾ ਕੀਤੀ। ਨਿਯਮ ਨੇ ਇਮੀਗ੍ਰੈਂਟਾਂ ਨੂੰ ਗ੍ਰੀਨ ਕਾਰਡ ਜਾਂ ਵੀਜ਼ਾ ਪ੍ਰਾਪਤ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜੇ ਉਹ ਕੁਝ ਜਨਤਕ ਲਾਭਾਂ ਦੀ ਵਰਤੋਂ ਕਰਦੇ ਹਨ - ਜਿਵੇਂ ਕਿ Medicaid, ਭੋਜਨ ਸਹਾਇਤਾ, ਜਾਂ ਰਿਹਾਇਸ਼ ਸਹਾਇਤਾ - ਜਾਂ ਫੈਡਰਲ ਸਰਕਾਰ ਸੋਚਦੀ ਹੈ ਕਿ ਉਹਨਾਂ ਦੀ ਭਵਿੱਖ ਵਿੱਚ ਜਨਤਕ ਲਾਭਾਂ 'ਤੇ ਨਿਰਭਰ ਹੋਣ ਦੀ ਸੰਭਾਵਨਾ ਹੈ। ਪਰ, ਟਰੰਪ ਪ੍ਰਸ਼ਾਸਨ ਦਾ ਜਨਤਕ ਚਾਰਜ ਨਿਯਮ ਖਤਮ ਹੋ ਗਿਆ ਹੈ। 9 ਮਾਰਚ, 2021 ਨੂੰ, ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (U.S. Department of Homeland Security) ਨੇ ਕਿਹਾ ਕਿ ਉਹ ਦੁਬਾਰਾ ਅਗਸਤ 2019 ਤੋਂ ਪਹਿਲਾਂ ਲਾਗੂ ਨੀਤੀਆਂ ਦੀ ਵਰਤੋਂ ਕਰਨਾ ਸ਼ੁਰੂ ਕਰ ਦੇਵੇਗਾ। ਹੋਰ ਜਾਣਕਾਰੀ ਅਤੇ ਅੱਪਡੇਟਾਂ ਲਈ, nyc.gov/publiccharge 'ਤੇ ਜਾਓ।

### ਮੈਨੂੰ ਕਿਵੇਂ ਪਤਾ ਲੱਗੇਗਾ ਕਿ ਕੀ ਜਨਤਕ ਚਾਰਜ ਨਿਯਮ ਮੇਰੇ 'ਤੇ ਲਾਗੂ ਹੁੰਦਾ ਹੈ?

ਜੇਕਰ ਤੁਹਾਡੇ ਕੋਲ ਜਨਤਕ ਚਾਰਜ ਜਨਤਕ ਚਾਰਜ ਬਾਰੇ ਕੋਈ ਸਵਾਲ ਹਨ, ਤਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ 800-354-0365 'ਤੇ ActionNYC ਹੌਟਲਾਈਨ 'ਤੇ ਕਾਲ ਕਰੋ, ਅਤੇ ਸਮੇਂ ਸਿਰ ਅਤੇ ਭਰੋਸੇਯੋਗ ਜਾਣਕਾਰੀ ਅਤੇ ਸਿਟੀ ਦੁਆਰਾ ਫੰਡ ਕੀਤੇ ਗਏ, ਮੁਫਤ ਅਤੇ ਸੁਰੱਖਿਅਤ ਇਮੀਗ੍ਰੇਸ਼ਨ ਕਾਨੂੰਨੀ ਮਦਦ ਨਾਲ ਕਨੈਕਸ਼ਨ ਪ੍ਰਾਪਤ ਕਰਨ ਲਈ "public charge" (ਜਨਤਕ ਚਾਰਜ) ਬੋਲੋ। ਹੌਟਲਾਈਨ ਮੁਫ਼ਤ ਅਤੇ ਅਗਿਆਤ ਹੈ, ਅਤੇ ਮਦਦ 200 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।

## ਇਮੀਗ੍ਰੇਸ਼ਨ ਇਨਫੋਰਸਮੈਂਟ ਅਤੇ ਸਿਹਤ-ਸੰਭਾਲ ਤੱਕ ਪਹੁੰਚ

### ਮੈਂ ਇੱਕ ਇਮੀਗ੍ਰੈਂਟ ਹਾਂ ਜੋ ਦਸਤਾਵੇਜ਼ਿਤ ਨਹੀਂ ਹੈ। ਕੀ ਮੇਰਾ ਪ੍ਰਦਾਤਾ ਮੈਨੂੰ ਫੈਡਰਲ ਇਮੀਗ੍ਰੇਸ਼ਨ ਅਥਾਰਟੀਆਂ, ਜਿਵੇਂ ਕਿ ਇਮੀਗ੍ਰੇਸ਼ਨ ਅਤੇ ਕਸਟਮਜ਼ ਲਾਗੂਕਰਨ (Immigration and Customs Enforcement, ICE) ਨੂੰ ਰਿਪੋਰਟ ਕਰ ਸਕਦਾ ਹੈ?

ਪ੍ਰਦਾਤਾਵਾਂ ਨੂੰ ਆਪਣੇ ਮਰੀਜ਼ਾਂ ਦੀ ਗੋਪਨੀਯਤਾ ਦੀ ਰੱਖਿਆ ਕਰਨੀ ਚਾਹੀਦੀ ਹੈ, ਭਾਵੇਂ ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ ਕੋਈ ਵੀ ਹੋਵੇ। ਹਸਪਤਾਲ ਅਤੇ ਕਲੀਨਿਕ ਮਰੀਜ਼ ਦੀ ਪ੍ਰਵਾਨਗੀ ਤੋਂ ਬਿਨਾਂ ਮਰੀਜ਼ ਦੀ ਜਾਣਕਾਰੀ ਸਾਂਝੀ ਨਹੀਂ ਕਰਦੇ ਹਨ, ਜਦੋਂ ਤੱਕ ਕਾਨੂੰਨ ਅਨੁਸਾਰ ਅਜਿਹਾ ਕਰਨ ਦੀ ਲੋੜ ਨਾ ਹੋਵੇ। ਪ੍ਰਦਾਤਾ ਇਮੀਗ੍ਰੈਂਟਾਂ ਦੀ ਪਰਦੇਦਾਰੀ ਦੀ ਸੁਰੱਖਿਆ ਕਿਵੇਂ ਕਰਦੇ ਹਨ ਇਸ ਬਾਰੇ ਹੋਰ ਜਾਣਕਾਰੀ ਲਈ, nychealthandhospitals.org/immigrant 'ਤੇ ਜਾਓ ਅਤੇ H+H ਦੇ Open Letter to Immigrant New Yorkers (ਨਿਊ-ਯੌਰਕ ਦੇ ਇਮੀਗ੍ਰੈਂਟ ਵਾਸੀਆਂ ਲਈ ਖੁੱਲ੍ਹਾ ਪੱਤਰ) ਪੜ੍ਹੋ।

### ਜੇਕਰ ICE ਅਧਿਕਾਰੀ ਹਸਪਤਾਲ ਵਿੱਚ ਆਉਂਦੇ ਹਨ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਡੇ ਲਈ ICE ਨਾਲ ਗੱਲ ਕਰਨਾ ਜ਼ਰੂਰੀ ਨਹੀਂ ਹੈ। ਜੇਕਰ ਕੋਈ ICE ਅਧਿਕਾਰੀ ਤੁਹਾਡੇ ਹਸਪਤਾਲ ਦੇ ਕਮਰੇ ਵਾਂਗ ਕਿਸੇ ਨਿੱਜੀ ਖੇਤਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਤੁਹਾਨੂੰ ਦਰਵਾਜ਼ਾ ਬੰਦ ਰੱਖਣ ਅਤੇ ਇਹ ਪੁੱਛਣ ਦਾ ਅਧਿਕਾਰ ਹੈ ਕਿ ਕੀ ਉਹਨਾਂ ਕੋਲ ਨਿਆਂਇਕ ਵਾਰੰਟ ਹੈ। ਇੱਕ ਨਿਆਂਇਕ ਵਾਰੰਟ ਅਦਾਲਤ ਦਾ ਇੱਕ ਕਾਨੂੰਨੀ ਦਸਤਾਵੇਜ਼ ਹੁੰਦਾ ਹੈ, ਜਿਸ 'ਤੇ ਕਿਸੇ ਜੱਜ ਦੇ ਦਸਤਖ਼ਤ ਹੁੰਦੇ ਹਨ, ਜੋ ਕਿਸੇ ਨੂੰ ਜਾਂ ਲੋਕਾਂ ਦੇ ਸਮੂਹ ਨੂੰ ਕੁਝ ਕਰਨ ਦੀ ਇਜਾਜ਼ਤ ਦਿੰਦਾ ਹੈ। ਹੋਰ ਜਾਣਕਾਰੀ ਲਈ, nyc.gov/immigrants 'ਤੇ ਜਾਓ ਅਤੇ **know your rights** (ਆਪਣੇ ਅਧਿਕਾਰਾਂ ਬਾਰੇ ਜਾਣੋ) ਖੋਜੋ। ਜੇਕਰ ਕੋਈ ICE ਅਧਿਕਾਰੀ ਤੁਹਾਨੂੰ ਜਾਂ ਤੁਹਾਡੇ ਕਿਸੇ ਅਜ਼ੀਜ਼ ਨੂੰ ਨਜ਼ਰਬੰਦ ਕਰਦਾ ਹੈ, ਤਾਂ ਤੁਸੀਂ ਮੁਫਤ ਅਤੇ ਸੁਰੱਖਿਅਤ ਕਾਨੂੰਨੀ ਮਦਦ ਪ੍ਰਾਪਤ ਕਰਨ ਲਈ ਤੇਜ਼ ਪ੍ਰਤਿਕਿਰਿਆ ਕਾਨੂੰਨੀ ਸਹਿਯੋਗ (Rapid Response Legal Collaborative) ਨੂੰ 800-354-0365 'ਤੇ ਕਾਲ ਕਰ ਸਕਦੇ ਹੋ।